# ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ ਵੱਲੋਂ ਮਾਦਾ ਭਰੂਣ ਹੱਤਿਆ ਦੇ ਖਿਲਾਫ ਸਮਾਜ ਸੁਧਾਰ ਲਹਿਰ 'ਧੀਆਂ ਦੀ ਲੋਹੜੀ' ਨੂੰ ਭਰਵਾਂ ਹੁੰਗਾਰਾ

## ਉਨ੍ਹਾਂ ਸਾਰੇ ਹਮਦਰਦਾਂ ਦਾ ਧੰਨਵਾਦ ਜਿਨ੍ਹਾਂ ਮਾਇਕ ਤੌਰ 'ਤੇ ਮਦਦ ਕੀਤੀ, ਵਿਚਾਰਕ ਤੌਰ 'ਤੇ ਸੇਧ ਦਿੱਤੀ ਅਤੇ ਸਰੀਰਕ ਤੌਰ 'ਤੇ ਕੰਮਾਂ ਵਿਚ ਹੱਥ ਵਟਾਇਆ।

**ਐਲ ਸਬਰਾਂਟੇ, ਕੈਲੀਫੋਰਨੀਆ:** ਅਮਰੀਕਨ ਸਿੱਖ ਇਤਿਹਾਸ 'ਚ ਪਹਿਲ ਕਦਮੀ ਕਰਦਿਆਂ, ਇੰਟਰਨੈਸ਼ਨਲ ਸਿੱਖ ਸੱਭਿਆਚਾਰ ਸੁਸਾਇਟੀ ਵੱਲੋਂ ਸਮਾਜਿਕ ਕੁਰੀਤੀਆਂ ਦੇ ਖਿਲਾਫ, ਸ਼ੁਰੂ ਕੀਤੀ ਗਈ ਸਮਾਜ ਸੁਧਾਰ ਲਹਿਰ ਨੂੰ 'ਧੀਆਂ ਦੀ ਲੋਹੜੀ' ਰਾਹੀਂ ਦੂਸਰੇ ਸਾਲ ਵੀ ਭਰਪੂਰ ਹੁੰਗਾਰਾ ਮਿਲਿਆ। ਇਸ ਸੰਸਥਾ ਦੀ ਹਿੰਮਤ ਅਤੇ ਅਗਵਾਈ ਸਦਕਾ ਹੀ ਅੱਜ ਦੁਨੀਆਂ 'ਚ ਧੀਆਂ ਦੀ ਲੋਹੜੀ ਮਨਾਉਣ ਦੀ ਪਿਰਤ ਪਈ ਹੈ। 23 ਜਨਵਰੀ 2011 ਨੂੰ ਫਲਮਿੰਗੋ ਬੈਂਕੁਇਟ ਹਾਲ, ਵਾਲੇਹੋ ਵਿਖੇ ਦੁਪਹਿਰ 1 ਵਜੇ ਤੋਂ ਸ਼ਾਮ 9 ਵਜੇ ਤੱਕ ਬੱਚੀਆਂ-ਜਸਮੀਨ ਕੌਰ ਪੰਨੂ, ਕਿਰਨਦੀਪ ਕੌਰ, ਸਿਮਰਨ ਕੌਰ ਸੰਧੂ, ਲਵਨੀਤ ਕੌਰ ਪੰਨੂ, ਜਸਮੀਨ ਰਿਆੜ ਸਿੰਘ, ਅਲੀਨਾ ਕੌਰ ਧਨੋਆ, ਦਿਲਸਾਜ ਕੌਰ ਕਲੇਰ, ਜਸਲੀਨ ਕੌਰ ਰਾਣਾ, ਹਰਨੂਰ ਕੌਰ ਧਾਰੀਵਾਲ, ਹਰਸਿਮਰਨ ਕੌਰ ਵਾਹਲਾ, ਦਿਲਨੂਰ ਕੌਰ ਵੜੈਚ, ਹਰਪ੍ਰੀਤ ਕੌਰ, ਸਿਮਰਨਜੀਤ ਕੌਰ, ਤਰਨਦੀਪ ਕੌਰ ਸੈਣੀ, ਜੋਇਆ ਕੌਰ ਜੌਹਲ, ਸਰੀਨ ਚਮਨ, ਧੀਆਂ ਦੀ ਲੋਹੜੀ ਮਨਾਈ ਗਈ। ਉਪਰੰਤ ਗੁੱਤ ਮੁਕਾਬਲੇ ਅਤੇ ਜੂੜਾ ਮੁਕਬਲੇ ਹੋਏ ਜਿਸ 'ਚ ਬੱਚੀ ਤਰਨਦੀਪ ਕੌਰ ਸੈਣੀ ਅਤੇ ਕਾਕਾ ਅਜੀਤਪਾਲ ਸਿੰਘ ਜੇਤੂ ਰਹੇ।

ਪਰਿਵਾਰਾਂ ਨਾਲ ਭਰੇ ਖਚਾ ਖਚ ਹਾਲ ਵਿਚ ਡਾ. ਆਲਾ ਸਿੰਘ, ਸ. ਗੁਰਚਰਨ ਸਿੰਘ ਮਾਨ-ਰੇਡੀਓ ਚੜ੍ਹਦੀ ਕਲ੍ਹਾ, ਸ. ਗੁਰਬਚਨ ਸਿੰਘ ਜੌਹਲ-ਪ੍ਰਧਾਨ ਐਲ ਸਬਰਾਂਟੇ ਗੁਰੂ ਘਰ, ਸ. ਗੁਰਜੀਤ ਸਿੰਘ ਝਾਮਪੁਰ-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸ. ਝਿਰਮਲ ਸਿੰਘ ਵਾਹਲਾ-ਮੀਤ ਪ੍ਰਧਾਨ ਐਲ ਸਬਰਾਂਟੇ ਗੁਰੂ ਘਰ, ਸ. ਪਰਮਜੀਤ ਸਿੰਘ ਸੇਖੋਂ (ਦਾਖਾ)-ਪ੍ਰਧਾਨ ਦਲ ਖਾਲਸਾ ਅਲਾਇੰਸ, ਸ. ਸੁਖਵਿੰਦਰ ਸਿੰਘ ਤਲਵੰਡੀ-ਜਨਰਲ ਸਕੱਤਰ ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ, ਬੀਬੀ ਨੀਲਮ ਸੈਣੀ ਪੰਜਾਬੀ ਸਾਹਿਤ ਸਭਾ, ਬੀਬੀ ਜਸਪਾਲ ਕੌਰ, ਬੀਬੀ ਨਵਜੋਤ ਕੌਰ, ਸ. ਸਰਬਜੀਤ ਸਿੰਘ ਸਾਜਨ, ਸ. ਸੇਵਾ ਸਿੰਘ ਬੈਨਾਪੁਰੀ, ਸ. ਪਰਮਿੰਦਰ ਸਿੰਘ ਪਰਵਾਨਾ, ਸੁਲਤਾਨ ਅਖਤਰ, ਸ. ਤਾਰਾ ਸਿੰਘ ਸਾਗਰ, ਸ. ਕੁਲਦੀਪ ਸਿੰਘ ਢੀਂਡਸਾ, ਪ੍ਰੋ. ਸੁਰਜੀਤ ਸਿੰਘ ਨਨੂਆ, ਸ. ਸੁਖਦੇਵ ਸਿੰਘ ਆਦਿ ਪੰਥਕ ਬੁਲਾਰਿਆਂ, ਕਵੀ ਜਨਾਂ ਅਤੇ ਨਾਭੇ ਵੀਲੀਆਂ ਬੀਬੀਆਂ ਦੇ ਢਾਡੀ ਜਥੇ ਨੇ ਸਿੱਖ ਸੱਭਿਆਚਾਰ ਦੀ ਰਾਖੀ ਲਈ ਆਪਣੇ ਸੁੰਦਰ ਵਿਚਾਰਾਂ ਰਾਹੀਂ ਸਾਂਝ ਪਾਈ। ਬੁਲਾਰਿਆਂ ਦੀਆਂ ਸਪੀਚਾਂ ਦੌਰਾਨ ਨਾਅਰੇ ਤੇ ਜੈਕਾਰੇ ਵੀ ਲਗਦੇ ਰਹੇ ਅਤੇ ਤਾੜੀਆਂ ਵੀ ਵੱਜਦੀਆਂ ਰਹੀਆਂ।

ਬੀਬੀ ਕੁਲਵੰਤ ਕੌਰ ਮੱਲੀ, ਬੀਬੀ ਸਤਿੰਦਰ ਕੌਰ ਵਾਹਲਾ, ਬੀਬੀ ਬਲਜਿੰਦਰ ਕੌਰ ਧਾਲੀਵਾਲ, ਬੀਬੀ ਮਨਜੀਤ ਕੌਰ ਸੇਖੋਂ, ਬੀਬੀ ਦੁਪਿੰਦਰ ਕੌਰ ਜੌਹਲ, ਬੀਬੀ ਸੁਖਵਿੰਦਰ ਕੌਰ, ਬੀਬੀ ਜਸਮਿੰਦਰ ਕੌਰ, ਆਦਿ ਨੇ ਲੋਹੜੀ ਵਾਲੀਆਂ ਬੱਚੀਆਂ ਦੇ ਕੇਕ ਕੱਟਣ ਦੀ ਰੀਤ ਪੂਰੀ ਕਰਾਉਂਦਿਆਂ ਆਏ ਸਮੰਹ ਪਰਿਵਾਰਕ ਮੈਂਬਰਾਂ ਨੂੰ ਕੇਕ, ਮੂੰਗਫਲੀ ਤੇ ਰਿਉੜੀਆਂ ਵੰਡਣ ਦੇ ਨਾਲ ਨਾਲ ਲੋਹੜੀ ਦੀ ਅੱਗ ਵੀ ਬਾਲੀ ਗਈ। ਕੇਕ ਕਟਣ ਤੋਂ ਪਹਿਲਾਂ ਬੱਚਿਆਂ ਵੱਲੋਂ ਪਟਾਕਿਆਂ ਵਾਲੀਆਂ ਤੋਪਾਂ ਚਲਾਈਆਂ ਗਈਆਂ। ਬੀਬੀਆਂ ਵੱਲੋਂ ਧੀਆਂ ਸਬੰਧੀ ਸ਼ਗਨਾਂ ਦੇ ਗੀਤ, ਬੋਲੀਆਂ, ਗਿੱਧਾ, ਭੰਗੜਾ, ਰਾਹੀਂ ਵੀ ਖੂਬ ਪਰਿਵਾਰਕ ਤੇ ਸਮਾਜਿਕ ਰੰਗ ਬੰਨਿਆ ਗਿਆ।

ਲੋਹੜੀ ਵਾਲੀਆਂ ਧੀਆਂ, ਸਿੱਖ ਸਮਾਜ ਵਿਚ ਉਘਾ ਯੋਗਦਾਨ ਪਾਉਣ ਵਾਲੀਆਂ ਮੁੱਖ ਸ਼ਖਸੀਅਤਾਂ ਅਤੇ ਗੁੱਤ ਤੇ ਜੂੜਾ ਮੁਕਾਬਲੇਆਂ 'ਚ ਜੇਤੂ ਬੱਚਿਆਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਤ ਕੀਤਾ ਗਿਆ। ਸਾਲ 2010 ਦੀ ਧੀਆਂ ਦੀ ਲੋਹੜੀ ਵਾਲੇ ਪ੍ਰੋਗਰਾਮ ਦੀ ਡੀ ਵੀ ਡੀ ਅਤੇ ਪਰਮਿੰਦਰ ਸਿੰਘ ਪਰਵਾਨਾ ਦੀ ਲਿਖੀ ਧੀਆਂ ਨੂੰ ਸਮਰਪਿਤ ਪੁਸਤਕ ਉਘੀਆਂ ਸ਼ਖਸੀਅਤਾਂ ਵੱਲੋਂ ਰਿਲੀਜ਼ ਕੀਤੀ ਗਈ। ਦਲ ਖਾਲਸਾ ਅਲਾਇੰਸ ਦੇ ਕੌਮੀ ਪ੍ਰਧਾਨ ਅਤੇ ਇੰਟਰਨੈਸ਼ਨਲ ਸਿੱਖ ਸੱਭਿਆਚਾਰ ਸੁਸਾਇਟੀ ਦੇ ਫਾਊਂਡਰ (ਬਾਨੀ) ਭਾਈ ਪਰਮਜੀਤ ਸਿੰਘ ਸੇਖੋਂ ਦਾਖਾ ਵੱਲੋਂ ਲਿਖੀ ਹੋਈ ਪੁਸਤਕ 'ਵਿਚਾਰ ਇਕ ਹਥਿਆਰ' ਵੱਡੀ ਗਿਣਤੀ ਵਿਚ ਮੁਫਤ ਵੰਡੀ ਗਈ। ਬੱਚਿਆਂ ਨੂੰ ਪਟਾਕਿਆਂ ਦੇ ਨਾਲ ਨਾਲ ਖੇਡਾਂ ਵੀ ਵੰਡੀਆਂ ਗਈਆਂ ਜਿਸ ਨਾਲ ਬੱਚੇ ਵੀ ਆਪਣੀ ਮਸਤੀ ਵਾਲੇ ਦੌਰ 'ਚ ਮਸਤ ਰਹੇ। ਇਸ ਸਾਰੇ ਪ੍ਰੋਗਰਾਮ ਨੂੰ ਰੇਡੀਓ ਚੜ੍ਹਦੀ ਕਲਾ ਰਾਹੀਂ ਸ. ਗੁਰਚਰਨ ਸਿੰਘ ਮਾਨ ਵੱਲੋਂ ਲਾਈਵ ਸੁਣਾਇਆ ਗਿਆ। ਸਟੇਜ ਦੀ ਸੇਵਾ ਸ. ਸੁਖਵਿੰਦਰ ਸਿੰਘ ਸੰਘੇੜਾ ਨੇ ਬਹੁਤ ਹੀ ਸੁਚਜੇ ਢੰਗ ਨਾਲ ਨਿਭਾਈ।

ਪ੍ਰਬੰਧਕਾਂ ਵੱਲੋਂ ਇਸ ਸਾਰੇ ਪ੍ਰੋਗਰਾਮ ਵਿਚ ਆਂਡਾ ਮੀਟ ਸ਼ਰਾਬ ਦੀ ਮਨਾਹੀ 'ਤੇ ਸਖਤੀ ਨਾਲ ਪਹਿਰਾ ਦਿੱਤਾ ਗਿਆ ਅਤੇ ਕਿਸੇ ਵੀ ਤਰ੍ਹਾਂ ਦੀ ਮਾੜੀ ਘਟਨਾ ਟਾਲਣ ਲਈ ਸਕਿਉਰਿਟੀ ਦਾ ਸਖਤ ਪ੍ਰਬੰਧ ਕੀਤਾ ਗਿਆ ਸੀ। ਪ੍ਰੋਗਰਾਮ ਪ੍ਰਤੀ ਲੋਕਾਂ ਵਿਚ ਇੰਨਾ ਉਤਸ਼ਾਹ ਸੀ ਕਿ ਪਹੁੰਚੇ ਹੋਏ ਪਰਿਵਾਰਕ ਮੈਂਬਰਾਂ 'ਚੋਂ ਕੋਈ ਨਾ ਕੋਈ ਜਾਂ ਤਾਂ ਕੈਮਰਿਆਂ ਨਾਲ ਫੋਟੋਆਂ ਖਿਚੀ ਜਾ ਰਿਹਾ ਸੀ ਜਾਂ ਮੂਵੀਆਂ ਬਣਾਈ ਜਾ ਰਿਹਾ ਸੀ। ਆਏ ਮਹਿਮਾਨਾਂ ਲਈ ਚਾਹ ਪਾਣੀ ਅਤੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ।






































**ਜਾਰੀ ਕਰਤਾ** ਇੰਟਰਨੈਸ਼ਨਲ ਸਿੱਖ ਸੱਭਿਆਚਾਰ ਸੁਸਾਇਟੀ ਦੇ ਕਮੇਟੀ ਮੈਂਬਰ-ਡਾ. ਆਲਾ ਸਿੰਘ, ਸ. ਗੁਰਚਰਨ ਸਿੰਘ ਮਾਨ, ਸ. ਪਰਮਜੀਤ ਸਿੰਘ ਸੇਖੋਂ (ਦਾਖਾ), ਸ. ਗੁਰਪ੍ਰੀਤ ਸਿੰਘ ਢਿਲੋਂ, ਸ. ਜਸਵੀਰ ਸਿੰਘ ਤੱਖਰ, ਸ. ਗੁਰਬਚਨ ਸਿੰਘ ਜੌਹਲ, ਸ. ਝਿਰਮਲ ਸਿੰਘ, ਬੀਬੀ ਕੁਲਵੰਤ ਕੌਰ ਮੱਲ੍ਹੀ, ਸ. ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ, ਸ. ਸੁਖਵਿੰਦਰ ਸਿੰਘ ਤਲਵੰਡੀ, ਸ. ਰਾਮ ਸਿੰਘ, ਡਾ. ਅਰਜਿੰਦਰਪਾਲ ਸਿੰਘ ਸੇਖੋਂ, ਸ. ਅਮਰਜੀਤ ਸਿੰਘ ਝਾਂਡੇ, ਸ. ਬਚਿੱਤਰ ਸਿੰਘ ਟਾਇਗਰ, ਸ. ਬਲਵੰਤ ਸਿੰਘ ਮੱਲਾ।

ਇੰਟਰਨੈਸ਼ਨਲ ਸਿੱਖ ਸੱਭਿਆਚਾਰ ਸੁਸਾਇਟੀ
International Sikh Sabhiachar Society
1700 Shattuck Ave, #303 Berkeley, CA 94709 sikhsabhiachar@gmail.com Ph:510-774-5909

ਫੋਟੋਆਂ ਅਤੇ ਵੀਡੀਓ
ਇੰਦਰ 510-205-6520